File No.FD-FP-10MISC/110/2021-5FP1

I/306386/2022

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-1 ਸ਼ਾਖਾ)

ਵਿਸ਼ਾ:- ਆਮ ਰਾਜ ਪ੍ਰਬੰਧ ਵਿਭਾਗ ਵੱਲੋਂ ਕੀਤੇ ਗਠਿਤ ਪੇਅ ਫਿਕਸੇਸ਼ਨ ਸੈੱਲ ਵੱਲੋਂ ਵਿੱਤ ਵਿਭਾਗ ਦੀ 6 ਵੇਂ ਤਨਖਾਹ ਫਿਕਸੇਸ਼ਨ ਨੋਟੀਫਿਕੇਸ਼ਨ ਮਿਤੀ 05.07.2021 ਅਤੇ 20.09.2021 ਅਨੁਸਾਰ ਤਨਖਾਹ ਫਿਕਸੇਸ਼ਨ ਕਰਨ ਸਮੇਂ ਆਉਣ ਵਾਲੇ ਨੁਕਤਿਆਂ ਬਾਰੇ ਸ਼ਪਸ਼ਟੀਕਰਨ ਲੈਣ ਸਬੰਧੀ।

••••

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਆਮ ਰਾਜ ਪ੍ਰਬੰਧ ਵਿਭਾਗ ਕ੍ਰਿਪਾ ਕਰਕੇ ਉਪਰੋਕਤ ਵਿਸ਼ਾ ਅੰਕਿਤ ਮਾਮਲੇ ਸਬੰਧੀ ਆਪਣੀ ਤਜਵੀਜ਼ ਆਨਲਾਇਨ ਮਿਸਲ 258750 ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਹਵਾਲਾ ਅਧੀਨ ਤਜਵੀਜ਼ ਸਨਮੁੱਖ ਵਿੱਤ ਵਿਭਾਗ ਵੱਲੋਂ ਪ੍ਰਬੰਧਕੀ ਵਿਭਾਗ ਨੂੰ ਹੇਠ ਅਨੁਸਾਰ ਸਲਾਹ ਦਿੱਤੀ ਜਾਂਦੀ ਹੈ:

| ਲੜੀ ਨੰ: | ਪ੍ਰਬੰਧਕੀ ਵਿਭਾਗ ਦਾ ਨੁਕਤਾ | ਵਿੱਤ ਵਿਭਾਗ ਦੀ ਟਿੱਪਣੀ/ਸਲਾਹ |
|---|---|---|
| I | Punjab Civil Services (Revised Pay) Rules, 2021 ਦੇ ਨਿਯਮ 7 (b) (ii) ਤਹਿਤ ਅਧਿਕਾਰੀ/ਕਰਮਚਾਰੀ ਵੱਲੋਂ 2.59 ਦਾ ਫੈਕਟਰ ਅਡਾਪਟ ਕਰਨ ਤੇ Re-revision of Pay-2011 ਦਾ ਪ੍ਰਭਾਵ ਨਜ਼ਰਅੰਦਾਜ਼ (Ignore) ਕਰਨ ਨਾਲ ਸਬੰਧਤ ਕਰਮਚਾਰੀ/ਅਧਿਕਾਰੀ ਦੀ ਨੋਸ਼ਨਲ ਤਨਖਾਹ ਨਿਰਧਾਰਤ ਕਰਨ ਸਮੇਂ ਮਿਤੀ 01.12.2011 ਤੋਂ ਏ.ਸੀ.ਪੀ. ਸਕੀਮ ਮਿਤੀ 03.11.2006 ਤਹਿਤ 4-9-14 ਸਾਲਾਂ ਦੀ ਸੇਵਾ ਉਪਰੰਤ ਆਸਾਮੀ ਦੇ HIERARCHY ਵਿੱਚ ਅਗਲਾ ਸਕੇਲ ਅਤੇ ਇੰਕਰੀਮੈਂਟ ਦਾ ਲਾਭ ਦਿੱਤਾ ਜਾਣਾ ਬਣਦਾ ਹੈ। ਕਿਉਂਕਿ ਉਕਤ ਏ.ਸੀ.ਪੀ. ਸਕੀਮ ਸਬੰਧੀ ਵਿੱਤ ਵਿਭਾਗ (ਵਿੱਤ ਪ੍ਰਸੋਨਲ ਸ਼ਾਖਾ) ਵੱਲੋਂ ਮਿਤੀ 01.01.2018 ਨੂੰ ਜਾਰੀ ਸਪਸ਼ਟੀਕਰਨ ਅਨੁਸਾਰ 6 ਵੇਂ ਤਨਖਾਹ ਕਮਿਸ਼ਨ ਵੱਲੋਂ ਮਾਮਲਾ ਵਿਚਾਰ ਅਧੀਨ ਹੋਣ ਕਰਕੇ ਏ.ਸੀ.ਪੀ. ਸਕੀਮ ਦੀਆਂ ਹਦਾਇਤਾਂ ਮਿਤੀ 03.11.2006 ਅਨੁਸਾਰ 4-9-14 ਦੀ ਸੇਵਾ ਉਪਰੰਤ ਹਾਲ ਦੀ ਘੜੀ ਕੇਵਲ ਇਕ ਇੰਕਰੀਮੈਂਟ ਦਾ ਹੀ ਲਾਭ ਦਿੱਤਾ ਜਾਵੇ ਅਤੇ ਅਗਲਾ ਉਚੇਰਾ ਸਕੇਲ/ਗ੍ਰੇਡ ਪੇਅ ਨਾ ਦਿੱਤਾ ਜਾਵੇ, ਬਾਰੇ ਸਪਸ਼ਟ ਕੀਤਾ ਗਿਆ ਹੈ। ਹੁਣ ਉਪਰੋਕਤ ਨਿਯਮਾਂ ਤਹਿਤ ਮਿਤੀ 01.12.2011 ਦੇ Re-revision ਦਾ ਪ੍ਰਭਾਵ ਨਜ਼ਰਅੰਦਾਜ਼ ਕਰਨ ਨਾਲ ਤਨਖਾਹ ਨਿਰਧਾਰਤ ਕੀਤੀ ਜਾਣੀ ਹੈ ਤਾਂ ਇਸ ਨੁਕਤੇ ਤੇ | ਮਿਤੀ 01.12.2011 ਤੋਂ ਮਿਤੀ 31.12.2015 ਤੱਕ ਸਰਕਾਰੀ ਕਰਮਚਾਰੀਆਂ ਨੂੰ ਏ.ਸੀ.ਪੀ. ਸਕੀਮ ਦਾ ਨੋਸ਼ਨਲੀ ਲਾਭ ਦੇਣ ਸਮੇਂ HIERARCHY ਵਿੱਚ ਅਗਲਾ ਤਨਖਾਹ ਸਕੇਲ ਦੇਣ ਲਈ ਮੰਗੇ ਸਪਸ਼ਟੀਕਰਨ ਸਨਮੁੱਖ ਪ੍ਰਬੰਧਕੀ ਵਿਭਾਗ ਨੂੰ ਲਿਖਿਆ ਜਾਂਦਾ ਹੈ ਕਿ ਇਸ ਮਾਮਲੇ ਨੂੰ 6 ਵੇਂ ਪੰਜਾਬ ਪੇਅ ਕਮਿਸ਼ਨ ਤੋਂ ਏ.ਸੀ.ਪੀ. ਸਕੀਮ ਸਬੰਧੀ ਰਿਪੋਰਟ ਆਉਣ ਉਪਰੰਤ ਵਿਚਾਰਿਆ ਜਾਵੇਗਾ। |

ਸਪਸ਼ਟੀਕਰਨ ਦੀ ਲੋੜ ਹੈ ਕਿ ਜੇਕਰ ਕਰਮਚਾਰੀ 01.12.2011 ਦੇ ਰਿਵਾਇਜ਼ਡ ਸਕੇਲ ਨੂੰ ਛੱਡਦਾ ਹੈ ਤਾਂ ਉਸ ਨੂੰ ਪੁਰਾਣੀ ਏ.ਸੀ.ਪੀ. ਸਕੀਮ ਤਹਿਤ ਸਬੰਧਤ ਆਸਾਮੀ ਦਾ HIERARCHY ਸਕੇਲ ਸਮੇਤ ਇੱਕ ਇੰਕਰੀਮੈਂਟ ਦਾ ਲਾਭ ਦਿੱਤਾ ਜਾਣਾ ਹੈ ਜਾਂ ਨਹੀਂ।

ਉਦਾਹਰਨ ਵਜੋਂ ਇੱਕ ਕਰਮਚਾਰੀ ਸੀਨੀਅਰ ਸਹਾਇਕ ਦੀ ਆਸਾਮੀ ਤੇ ਮਿਤੀ 07.04.2010 ਤੋਂ ਤਨਖਾਹ ਸਕੇਲ 10300-34800+3800 ਗ੍ਰੇਡ ਪੇਅ ਵਿੱਚ ਕੰਮ ਕਰ ਰਿਹਾ ਸੀ ਅਤੇ Re-revision 2011 ਦਾ ਪ੍ਰਭਾਵ ਨਜਰਅੰਦਾਜ਼ ਕਰਨ ਉਪਰੰਤ :-

| ਮਿਤੀ | ਪੇਅ ਬੈਂਡ+ਗ੍ਰੇਡ ਪੇਅ | ਵਿਸ਼ੇਸ਼ ਕਥਨ |
|---|---|---|
| 01.04.2011 | 11230+3800=15030 | ਸਾਲਾਨਾ ਤਰੱਕੀ (ਨੋਸ਼ਨਲੀ) |
| 01.04.2012 | 11690+3800=15490 | ਸਾਲਾਨਾ ਤਰੱਕੀ (ਨੋਸ਼ਨਲੀ) ਕਿਉਂਜੋ ਜੋ Re-revision of 2011 ਦੌਰਾਨ ਮੁੱਢਲੀ ਤਨਖਾਹ 13020+4400=17420 ਨਿਰਧਾਰਤ ਕੀਤੀ ਗਈ ਸੀ। |
| 01.04.2013 | 12160+3800=15960 | ਸਾਲਾਨਾ ਤਰੱਕੀ (ਨੋਸ਼ਨਲੀ) |
| 01.04.2014 | 12640+3800=16440 | ਸਾਲਾਨਾ ਤਰੱਕੀ (ਨੋਸ਼ਨਲੀ) |
| 07.04.2014 | 13140+4200=17340<br>ਜਾਂ<br>13140+3800=16940 | 4 ਸਾਲਾਂ ਸੇਵਾ ਉਪਰੰਤ ਏ.ਸੀ.ਪੀ. ਸਕੀਮ ਤਹਿਤ ਸਾਲਾਨਾ ਤਰੱਕੀ ਅਤੇ ਅਗਲੀ ਗ੍ਰੇਡ ਪੇਅ (ਨੋਸ਼ਨਲੀ)<br>ਜਾਂ<br>ਕੇਵਲ ਸਾਲਾਨਾ ਤਰੱਕੀ (ਨੋਸ਼ਨਲੀ) |

| | | |
|---|---|---|
| II. | ਜੇਕਰ ਉਪਰੋਕਤ ਨੁਕਤਾ ਨੰ. 2 ਅਨੁਸਾਰ ਮਿਤੀ 07-04-2014 ਨੂੰ 4 ਸਾਲਾਂ ਸੇਵਾ ਉਪਰੰਤ ਅਗਲੇ ਗ੍ਰੇਡ ਪੇਅ ਅਤੇ ਸਾਲਾਨਾ ਤਰੱਕੀ ਦਾ | ਪ੍ਰਬੰਧਕੀ ਵਿਭਾਗ ਨੂੰ ਲਿਖਿਆ ਜਾਂਦਾ ਹੈ ਕਿ ਇਹ ਮਾਮਲਾ |

| | | |
|---|---|---|
| | ਲਾਭ ਦੇਣ ਨਾਲ ਵਾਸਤਵਿਕ ਤਨਖਾਹ ਨਿਰਧਾਰਤ ਕਰਨ ਉਪਰੰਤ ਸਬੰਧਤ ਕਰਮਚਾਰੀ ਨੂੰ ਮਿਤੀ 07-04-2019 ਨੂੰ ACP ਸਕੀਮ ਤਹਿਤ 9 ਸਾਲਾਂ ਸੇਵਾ ਦਾ ਲਾਭ ਉਪਰੰਤ ਵੀ Punjab Civil Services (Revised Pay) Rules, 2021 ਤਹਿਤ ਤਨਖਾਹ ਨਿਰਧਾਰਤ ਕਰਨ ਸਮੇਂ ਆਸਾਮੀ ਦਾ ਅਗਲਾ ਉਚੇਰਾ ਗ੍ਰੇਡ ਪੇਅ ਵਾਲੇ ਪੇ ਮੈਟ੍ਰਿਕਸ ਦੇ ਲੈਵਲ ਵਿੱਚ ਭਾਵ Level-12 ਤੋਂ Level-13 ਦਿੱਤਾ ਜਾਣਾ ਹੈ ਜਾਂ ਨਹੀਂ। | 6 ਵੇਂ ਪੰਜਾਬ ਪੇਅ ਕਮਿਸ਼ਨ ਤੋਂ ਏ.ਸੀ.ਪੀ. ਸਕੀਮ ਸਬੰਧੀ ਰਿਪੋਰਟ ਆਉਣ ਉਪਰੰਤ ਵਿਚਾਰਿਆ ਜਾਵੇਗਾ |
| iii. | Punjab Civil Services (Revised Pay) Rules, 2021 ਦੇ ਨਿਯਮ 12 (V) ਵਿੱਚ ਮਿਤੀ 01.01.2016 ਤੋਂ ਨੋਟੀਫਿਕੇਸ਼ਨ ਦੀ ਮਿਤੀ 05.07.2021 ਦੌਰਾਨ ਪਦ-ਉਨਤੀ ਦੇ ਕੇਸਾਂ ਵਿੱਚ ਸਬੰਧਤ ਸਰਕਾਰੀ ਕਰਮਚਾਰੀ ਨੂੰ 3 ਮਹੀਨੇ ਦੇ ਅੰਦਰ ਆਪਣੀ ਮੁੜ ਤੋਂ ਉਕਤ ਨਿਯਮਾਂ ਅਨੁਸਾਰ ਆਪਸ਼ਨ ਦੇਣ ਦਾ ਉਪਬੰਧ ਕੀਤਾ ਗਿਆ ਹੈ। ਜਿਨ੍ਹਾਂ ਕਰਮਚਾਰੀਆਂ ਨੂੰ Re-revision of 2011 ਦੌਰਾਨ ਮੁੱਢਲੀ ਤਨਖਾਹ ਫਿਕਸ ਕੀਤੀ ਗਈ ਅਤੇ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਵੱਲੋਂ ਜਾਰੀ ਸਪਸ਼ਟੀਕਰਨ ਮਿਤੀ 09.07.2012 ਦੇ ਨੁਕਤਾ ਨੰ.3 ਅਨੁਸਾਰ ਇਕ ਜਾਂ ਇਕ ਤੋਂ ਵੱਧ ਸਾਲਾਨਾ ਤਰੱਕੀ ਦੇ ਬਰਾਬਰ ਵਾਧਾ ਹੋਣ ਕਾਰਨ ਉਨ੍ਹਾਂ ਦੀ ਸਾਲਾਨਾ ਤਰੱਕੀ ਦੀ ਮਿਤੀ 12 ਮਹੀਨਿਆਂ ਦੀ ਸੇਵਾ ਮੁਕੰਮਲ ਹੋਣ ਉਪਰੰਤ ਨਿਰਧਾਰਤ ਕੀਤੀ ਜਾ ਚੁੱਕੀ ਹੈ।<br>ਹੁਣ Punjab Civil Services (Revised Pay) Rules, 2021 ਦੇ ਨਿਯਮ 7 (b) (ii) ਤਹਿਤ ਅਧਿਕਾਰੀ/ਕਰਮਚਾਰੀ ਵੱਲੋਂ 2.59 ਦਾ ਫੈਕਟਰ ਅਡਾਪਟ ਕਰਨ ਤੇ Re-revision of Pay-2011 ਦਾ ਪ੍ਰਭਾਵ ਨਜ਼ਰਅੰਦਾਜ਼ (Ignore) ਕਰਨ ਨਾਲ ਅਜਿਹੇ ਕਰਮਚਾਰੀਆਂ ਦੀ ਪੁਰਾਣੀ ਸਾਲਾਨਾ ਤਰੱਕੀ ਦੀ ਮਿਤੀ ਨੂੰ ਛੱਡ ਕੇ ਮਿਤੀ 01.12.2011 ਰੱਖੀ ਜਾ ਚੁੱਕੀ ਹੈ ਤਾਂ ਅਜਿਹੀ ਸਥਿਤੀ ਵਿੱਚ 31.12.2015 ਤੱਕ ਅਨੁਮਾਨਤ ਤਨਖਾਹ ਨਿਰਧਾਰਤ ਕਰਨ ਉਪਰੰਤ ਮਿਤੀ 01-01-2016 ਤੋਂ ਬਾਅਦ ਪੁਰਾਣੀ ਸਾਲਾਨਾ ਤਰੱਕੀ ਦੀ ਮਿਤੀ ਹੀ ਰੱਖੀ ਜਾਣੀ ਹੈ ਜਾਂ ਨਹੀਂ।<br>ਉਦਾਹਰਨ ਵਜੋਂ ਨੁਕਤਾ ਨੰ. 1 ਵਿੱਚ ਦਰਸਾਈ ਉਦਹਾਰਨ ਦੇ ਤੱਥਾਂ ਅਨੁਸਾਰ ਸਬੰਧਤ ਕਰਮਚਾਰੀ ਨੂੰ ਭਵਿੱਖ ਵਿੱਚ 6 ਵੇਂ ਤਨਖਾਹ ਕਮਿਸ਼ਨ ਅਨੁਸਾਰ ਮਿਤੀ 01.01.2016 ਨੂੰ ਤਨਖਾਹ ਨਿਰਧਾਰਤ ਕਰਨ ਉਪਰੰਤ ਉਸ ਦੀ ਸਾਲਾਨਾ ਤਰੱਕੀ ਦੀ ਮਿਤੀ ਨੇਸ਼ਨਲ | ਇਸ ਮਾਮਲੇ ਸਬੰਧੀ ਪ੍ਰਬੰਧਕੀ ਵਿਭਾਗ ਨੂੰ ਲਿਖਿਆ ਜਾਂਦਾ ਹੈ ਕਿ ਜਿਹੜੇ ਅਧਿਕਾਰੀ/ਕਰਮਚਾਰੀਆਂ ਵੱਲੋਂ 2.59 ਦਾ ਫੈਕਟਰ ਲੈਣ ਸਬੰਧੀ ਆਪਸਨ ਦਿੱਤੀ ਗਈ ਹੈ, ਉਹਨਾਂ ਵੱਲੋਂ ਸਾਲ 2011 ਦੇ ਵਧੇ ਹੋਏ ਤਨਖਾਹ ਸਕੇਲਾਂ ਨੂੰ ਨਜ਼ਰ ਅੰਦਾਜ਼ ਸਿਰਫ 6 ਵਾਂ ਪੰਜਾਬ ਤਨਖਾਹ ਕਮਿਸਨ ਮੁਤਾਬਿਕ ਤਨਖਾਹ ਰਿਵਾਇਜ਼ ਕਰਨ ਹਿੱਤ ਕੀਤਾ ਗਿਆ ਹੈ ਜਦ ਕਿ ਸਾਲ 2011 ਤੋਂ ਹੁਣ ਤੱਕ ਉਹ ਅਧਿਕਾਰੀ/ ਕਰਮਚਾਰੀ ਸਾਲ 2011 ਦੇ ਤਨਖਾਹ ਸਕੇਲਾਂ ਦਾ ਵਿੱਤੀ ਲਾਭ ਲੈ ਚੁੱਕਾ ਹੈ ਜਿਸਦੀ ਕੋਈ ਰਿਕਵਰੀ ਨਹੀਂ ਕੀਤੀ ਜਾਣੀ ਹੈ। ਇਸ ਲਈ ਅਧਿਕਾਰੀ/ਕਰਮਚਾਰੀ ਦੀ ਸਲਾਨਾ ਤਰੱਕੀ ਦੀ ਮਿਤੀ ਜੋ ਸਾਲ 2015 ਵਿੱਚ ਸੀ ਉਹੀ ਰੱਖੀ ਜਾਣੀ ਹੈ। |

| | | |
|---|---|---|
| | ਤਨਖਾਹ ਵਾਲੀ ਭਾਵ ਮਿਤੀ 01.04.2016 ਹੀ ਰੱਖੀ ਜਾਣੀ ਹੈ ਜਾਂ ਵਾਸਤਵਿਕ ਤਨਖਾਹ ਵਾਲੀ ਭਾਵ 01.12.2016। | |
| iv . | ਜੇਕਰ ਸੀਨੀਅਰ ਸਹਾਇਕ ਦੀ ਸਾਲਾਨਾ ਤਰੱਕੀ ਦੀ ਮਿਤੀ 01-04-2014 ਨੈਸ਼ਨਲ ਤਨਖਾਹ ਦੇ ਆਧਾਰ ਤੇ ਰੱਖੀ ਜਾਂਦੀ ਹੈ ਤਾਂ ਅਜਿਹੇ ਕਰਮਚਾਰੀ ਦੀ ਮਿਤੀ 09-05-2014 ਨੂੰ ਬਤੌਰ ਸੁਪਰਡੰਟ ਪਦ ਉਨਤੀ ਹੋ ਚੁੱਕੀ ਹੈ ਅਤੇ ਉਸ ਵਲੋਂ ਵਾਸਤਵਿਕ ਸਲਾਨਾ ਤਰੱਕੀ ਦੀ ਮਿਤੀ 01/12 ਹੋਣ ਕਰਕੇ ਪਦ ਉਨਤੀ ਵਾਲੀ ਆਸਾਮੀ ਤੇ ਹਾਜ਼ਰ ਹੋਣ ਤੇ ਗ੍ਰੇਡ ਪੇਅ 5400 ਦਾ ਲਾਭ ਲੈ ਕੇ ਮਿਤੀ 01-12-2014 ਤੇ ਦੋ (ਸਾਲਾਨਾਂ ਤਰੱਕੀ ਅਤੇ ਪਦ ਉਨਤੀ ) ਤਰੱਕੀ ਦੀ ਆਪਸ਼ਨ ਦਿੱਤੀ ਜਾ ਚੁੱਕੀ ਹੈ। ਅਜਿਹੀ ਸਥਿਤੀ ਵਿੱਚ ਉਕਤ ਨਿਯਮਾਂ ਦੀ Retropective effect ਤੇ ਲਾਗੂ ਹੋਣ ਕਰਕੇ ਉਸਦੀ ਦਿੱਤੀ ਆਪਸ਼ਨ ਕਰਕੇ ਸਾਲਾਨਾਂ ਤਰੱਕੀ ਮਿਤੀ 01/12/2014 ਦੀ ਬਜਾਏ ਮਿਤੀ 01/04/2015 ਨੂੰ ਦੋਵੇ ਸਾਲਾਨਾਂ ਤਰੱਕੀਆਂ (A.I + Promotional) ਦਾ ਲਾਭ ਦਿੱਤਾ ਜਾਣਾ ਹੈ ਜਾਂ ਫਿਰ ਸਬੰਧਤ ਕਰਮਚਾਰੀ ਨੂੰ ਪਦ ਉਨਤੀ ਦੀ ਮਿਤੀ 09-05-2014 ਤੋਂ ਹੀ ਇੱਕ ਇੰਨਕਰੀਮੈਂਟ ਦਾ ਬੈਨੀਫਿੱਟ ਦੇ ਕੇ ਤਨਖਾਹ ਫਿਕਸ ਕੀਤੀ ਜਾ ਸਕਦੀ ਹੈ ਜਿਸ ਨਾਲ ਉਸ ਦੀ ਭਵਿੱਖ ਵਿੱਚ ਸਾਲਾਨਾਂ ਤਰੱਕੀ ਦੀ ਮਿਤੀ 01/05 ਹੋ ਜਾਵੇਗੀ।<br>ਕਿਉਂਜੋ ਉਕਤ ਨਿਯਮਾਂ ਵਿੱਚ ਮਿਤੀ 01-12-2011 ਤੋਂ ਮਿਤੀ 31-12-2015 ਤੱਕ Re-revision ਦੇ ਪ੍ਰਭਾਵ ਕਾਰਨ ਦਿੱਤੀ ਆਪਸ਼ਨ ਵਿੱਚ ਤਬਦੀਲੀ ਬਾਰੇ ਸਪਸ਼ਟ ਨਹੀਂ ਕੀਤਾ ਗਿਆ ਜਦੋਂ ਕਿ Punjab Civil Services (Revised Pay) Rules, 2021 ਦੇ ਨਿਯਮ 12 (V) ਵਿੱਚ ਮਿਤੀ 01-01-2016 ਤੋਂ ਨੋਟੀਫਿਕੇਸ਼ਨ ਦੀ ਮਿਤੀ 05-07-2021 ਤੱਕ ਦੌਰਾਨ ਪਦ ਉਨਤੀ ਦੇ ਕੇਸਾਂ ਵਿੱਚ ਮੁੜ ਤੋਂ ਆਪਸ਼ਨ ਦੇਣ ਦਾ ਉਪਬੰਧ ਹੈ। | ਸਲਾਨਾ ਤਰੱਕੀ ਸਬੰਧੀ ਉਪਰੋਕਤ ਪੈਰ੍ਹਾ 3(III) ਵਿੱਚ ਸਪਸਟ ਕੀਤਾ ਜਾ ਚੁੱਕਾ ਹੈ। |
| v . | ਜੇਕਰ ਅਧਿਕਾਰੀ ਦੀ ਪਦ ਉਨਤੀ ਦਾ ਪ੍ਰਭਾਵ 5 ਵੇਂ Punjab Civil Services (Revised Pay) Rules, 2009 ਦੇ ਨਾਲ -ਨਾਲ 6 ਵੇ Punjab Civil Services (Revised Pay) Rules, 2021 ਵਿੱਚ ਵੀ ਆਉਂਦਾ ਹੈ ਤਾਂ ਮਿਤੀ 01-01-2016 ਨੂੰ ਪਦ ਉਨਤੀ ਉਪਰੰਤ ਤਨਖਾਹ ਨਿਰਧਾਰਤ ਕਰਨ ਸਮੇਂ ਹੇਠਲੀ ਆਸਾਮੀ ਦੀ ਮੁੜ ਤੋਂ ਤਨਖਾਹ ਨਿਰਧਾਰਤ ਕਰਕੇ ਬਣਦੇ Corresponding Level ਵਿੱਚ | ਇਸ ਮਾਮਲੇ ਸਬੰਧੀ ਪ੍ਰਬੰਧਕੀ ਵਿਭਾਗ ਵੱਲੋਂ ਸਪਸਟ ਨਹੀਂ ਕੀਤਾ ਗਿਆ ਕਿ ਜਿਸ ਅਧਿਕਾਰੀ/ਕਰਮਚਾਰੀ ਦੀ ਤਨਖਾਹ ਸਬੰਧੀ ਸਪਸਟੀਕਰਨ ਦੀ ਮੰਗ ਕੀਤੀ ਜਾ ਰਹੀਂ ਹੈ ਉਸ ਦੀ ਸਲਾਨਾ ਇੰਨਕਰੀਮੈਂਟ ਦੀ ਮਿਤੀ ਕੀ ਹੈ |

ਤਨਖਾਹ ਨਿਰਧਾਰਤ ਕਰਨ ਸਬੰਧੀ ਸਪਸ਼ਟੀਕਰਨ ਦੀ ਲੋੜ ਹੈ:-
ਉਦਾਹਰਨ ਵਜੋਂ ਗੁਣਾਂਕ 2.59 ਆਪਟ ਕਰਨ ਨਾਲ ਇੱਕ ਕਰਮਚਾਰੀ ਦੀ ਮਿਤੀ 11-12-2015 ਤੋਂ ਬਤੌਰ ਸੀਨੀਅਰ ਸਹਾਇਕ ਦੀ ਆਸਾਮੀ ਤਨਖਾਹ ਸਕੇਲ 10300-34800+4400 ਗ੍ਰੇਡ ਪੇਅ (After availing ACP benefits before 01-12-2011) ਤੋਂ ਬਤੌਰ ਸੁਪਰਡੰਟ ਦੀ ਆਸਾਮੀ ਤਨਖਾਹ ਸਕੇਲ 10300-34800+5000 ਗ੍ਰੇਡ ਪੇਅ ਵਿੱਚ ਪਦ ਉਨਤ ਹੋਣ ਉਪਰੰਤ ਹੇਠ ਲਿਖੇ ਅਨੁਸਾਰ ਨੇਸ਼ਨਲ ਤਨਖਾਹ ਫਿਕਸ ਕੀਤੀ ਗਈ ਹੈ :-

| ਮਿਤੀ | ਪੇਅ ਬੈਂਡ+ਗ੍ਰੇਡ ਪੇਅ | ਵਿਸ਼ੇਸ਼ ਕਥਨ |
|---|---|---|
| 01.01.2015 | 21190+4400 =25590 | ਸਾਲਾਨਾ ਤਰੱਕੀ (ਨੇਸ਼ਨਲ) (After availing ACP benefits before 01-12-2011) |
| 11.12.2015 | 21190+5000 =26190 | ਪਦ ਉਨਤੀ ਬਤੌਰ ਸੁਪਰਡੰਟ (ਨੇਸ਼ਨਲ) |

ਤਾਂ ਮਿਤੀ 01-01-2016 ਨੂੰ ਨਵੇਂ ਤਨਖਾਹ ਨਿਯਮਾਂ ਵਿੱਚ ਤਨਖਾਹ ਨਿਰਧਾਰਤ ਕਰਨ ਸਮੇਂ ਮਿਤੀ 31-12-2015 ਦੀ ਤਨਖਾਹ ਤੇ 2.59 ਗੁਣਾਂਕ ਲਗਾ ਕੇ ਨਿਰਧਾਰਤ ਕੀਤੀ ਜਾਣੀ ਹੈ ਪਰੰਤੂ ਮਿਤੀ 01-01-2016 ਨੂੰ ਪਦ ਉਨਤੀ ਹੋਣ ਉਪਰੰਤ ਦਿੱਤੀ ਆਪਸ਼ਨ ਦੇ ਆਧਾਰ ਤੇ ਹੇਠਲੀ ਆਸਾਮੀ ਤੋਂ ਇੱਕ Promotional Increment ਅਤੇ ਇੱਕ ਸਾਲਾਨਾ ਤਰੱਕੀ ਲਈ ਮਿਤੀ 31-12-2015 ਦੀ ਤਨਖਾਹ ਨੂੰ ਨਜਰਅੰਦਾਜ਼ ਕਰਕੇ ਹੇਠਲੀ ਆਸਾਮੀ ਦੀ ਸਾਲਾਨਾ ਤਰੱਕੀ ਦੀ ਮਿਤੀ ਭਾਵ 01-01-2015 ਨੂੰ ਨੇਸ਼ਨਲ ਫਿਕਸ ਤਨਖਾਹ 21190+4400=25590 ਤੋਂ ਮੁੜ 2.59 ਗੁਣਾਂਕ ਨਾਲ ਨਵੇਂ ਸਕੇਲਾਂ ਵਿੱਚ ਤਨਖਾਹ ਫਿਕਸ ਕਰਕੇ ਹੇਠਲੀ ਆਸਾਮੀ ਦੇ ਲੇਵਲ 13 ਦੇ ਆਧਾਰ ਤੇ ਇੱਕ ਪ੍ਰਮੋਸ਼ਨਲ ਅਤੇ ਇੱਕ ਸਾਲਾਨਾ ਤਰੱਕੀ ਦੇਣ ਉਪਰੰਤ ਹੀ ਮਿਤੀ 01-01-2016 ਨੂੰ ਪਦ ਉਨਤੀ ਵਾਲੀ ਆਸਾਮੀ ਦੇ ਲੈਵਲ 16 ਵਿੱਚ ਤਨਖਾਹ ਫਿਕਸ ਕੀਤੀ ਜਾ ਸਕਦੀ ਹੈ ਜਾਂ ਨਹੀ?

ਕਿਉਂਜੋ 1.12.2011 ਤੋਂ ਤਨਖਾਹ ਸਕੇਲ ਦੇ ਵਾਧੇ ਉਪਰੰਤ ਬਹੁਤ ਸਾਰੀਆਂ ਕੈਟਾਗਿਰੀਆਂ ਦੀ ਸਲਾਨਾ ਤਰੱਕੀ ਦੀ ਮਿਤੀ 1.12.2011 ਹੋ ਗਈ ਸੀ, ਜੇਕਰ ਇਸ ਅਧਿਕਾਰੀ/ਕਰਮਚਾਰੀ ਦੀ ਸਲਾਨਾ ਤਰੱਕੀ ਮਿਤੀ 1.12.2015 ਹੁੰਦੀ ਤਾਂ ਇਸ ਅਧਿਕਾਰੀ/ਕਰਮਚਾਰੀ ਵੱਲੋਂ ਪ੍ਰਮੋਸਨ ਦਾ ਲਾਭ ਆਪਣੀ ਪ੍ਰਮੋਸਨ ਦੀ ਮਿਤੀ ਤੋਂ ਹੀ ਲੈ ਲੈਣਾ ਸੀ। ਇਸ ਲਈ ਇਸ ਨੁਕਤੇ ਸਬੰਧੀ ਪ੍ਰਬੰਧਕੀ ਵਿਭਾਗ ਵੱਲੋਂ ਸਪਸਟ ਕਰਨ ਦੀ ਖੇਚਲ ਕੀਤੀ ਜਾਵੇ।

ਇਸ ਤੋਂ ਇਲਾਵਾ ਪ੍ਰਬੰਧਕੀ ਵਿਭਾਗ ਨੂੰ ਸਪਸਟ ਕੀਤਾ ਜਾਂਦਾ ਹੈ ਕਿ ਪ੍ਰਮੋਸਨ ਹੋਣ ਤੇ ਤਨਖਾਹ ਫਿਕਸ ਪ੍ਰਮੋਸਨ ਸਬੰਧੀ ਸਮੇਂ ਸਮੇਂ ਤੇ ਜਾਰੀ ਹਦਾਇਤਾ ਮੁਤਾਬਿਕ ਹੀ ਕੀਤੀ ਜਾਣੀ ਬਣਦੀ ਹੈ।

Under Secretary